ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

11 July 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜ਼ੀਲੈਂਡ ਫੋਨ ਸਕੈਮ 'ਚ ਫਸੇ ਭਾਰਤੀ ਜੋੜੇ ਦੀ ਅਗਲੀ ਤਰੀਕ ਅਕਤੂਬਰ 'ਚ

ਆਕਲੈਂਡ : ਨਿਊਜ਼ੀਲੈਂਡ ਵਿੱਚ ਨਕਲੀ ਫੋਨ ਕਾਲਾਂ ਜਾਂ ਨਕਲੀ ਅਦਾਰਿਆਂ ਦੇ ਵਫਦ ਬਣ ਕੇ ਲੋਕਾਂ ਤੋਂ ਅਸਲੀ ਡਾਲਰ ਲੈਣ ਦੇ ਚਰਚੇ ਆਮ ਹੁੰਦੇ ਹਨ। ਟੈਲੀਫੋਨ ਕੰਪਨੀ ਸਪਾਰਕ ਦਾ ਨਾਂਅ ਵਰਤ ਕੇ ਵੀ ਅਜਿਹਾ ਹੁੰਦਾ ਰਿਹਾ ਸੀ, ਜਿਸ ਦੇ ਸੰਬੰਧ ਵਿੱਚ ਇੱਕ 26 ਸਾਲਾ ਭਾਰਤੀ ਪੁਰਸ਼ ਹਰਸਿਮਰਨ ਸਿੰਘ ਟਿਵਾਣਾ ਅਤੇ 28 ਸਾਲਾ ਵਰੁਣਜੀਤ ਕੌਰ ਦਾ ਨਾਂਅ ਸਾਹਮਣੇ ਆਇਆ ਹੈ। ਬੀਤੇ ਸ਼ੁੱਕਰਵਾਰ ਨੂੰ ਇਨ੍ਹਾਂ ਦੋਵਾਂ ਨੂੰ ਆਕਲੈਂਡ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਹਰਸਿਮਰਨ ਸਿੰਘ ਟਿਵਾਣਾ ਨੇ ਆਪਣੇ ਆਪ ਨੂੰ ਬੇਗੁਨਾਹ ਦੱਸਿਆ ਤੇ ਵਰੁਣਜੀਤ ਕੌਰ ਨੇ ਅਜੇ ਆਪਣੀ ਅਪੀਲ ਪੇਸ਼ ਕਰਨੀ ਹੈ। ਟਿਵਾਣਾ ਨੂੰ ਪੰਜਾਬੀ ਇੰਟਰਪ੍ਰੇਟਰ ਤੇ ਵਰੁਣਜੀਤ ਕੌਰ ਨੂੰ ਹਿੰਦੀ ਇੰਟਰਪ੍ਰੇਟਰ ਚਾਹੀਦਾ ਹੈ। ਦੋਸ਼ ਹੈ ਕਿ ਦੋਵੇਂ ਰਲ ਕੇ ਅਜਿਹੇ ਸਕੈਮ ਅਤੇ ਹਵਾਲਾ ਕਾਰੋਬਾਰ ਕਰਦੇ ਸਨ। ਮਿਲੀ ਜਾਣਕਾਰੀ ਅਨੁਸਾਰ ਵਰੁਣਜੋਤ ਕੌਰ ਵਿਦਿਆਰਥੀ ਵੀਜ਼ੇ 'ਤੇ ਆਈ ਸੀ ਅਤੇ ਇਥੇ ਉਸ ਦਾ ਪਰਵਾਰ ਦਾ ਕੋਈ ਮੈਂਬਰ ਨਹੀਂ ਹੈ। ਹਰਸਿਮਰਨ ਸਿੰਘ ਟਿਵਾਣਾ ਕੁਝ ਸਮੇਂ ਤੋਂ ਨਿਊਜ਼ੀਲੈਂਡ ਵਿੱਚ ਰਹਿ ਰਿਹਾ ਹੈ। ਦੋਵਾਂ ਦੀ ਅਗਲੀ ਤਰੀਕ ਅਕਤੂਬਰ ਦੀ ਪਈ ਹੈ। ਇਨ੍ਹਾਂ ਦੋਵਾਂ ਦੇ ਨਾਂਅ ਗੁਪਤ ਰੱਖਣ ਦੀ ਅਰਜ਼ੀ ਲਾਈ ਸੀ, ਪਰ ਅਦਾਲਤ ਨੇ ਨਹੀਂ ਮੰਨੀ। ਦੋਸ਼ ਇਹ ਲਾਇਆ ਗਿਆ ਹੈ ਕਿ ਇਹ ਬਜ਼ੁਰਗ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਸਨ ਤੇ ਕਿਸੇ ਨਾ ਕਿਸੇ ਤਰ੍ਹਾਂ ਪੈਸੇ ਕਢਵਾ ਲੈਂਦੇ ਸਨ। ਡਿਟੈਕਟਿਵ ਸਾਰਜੈਂਟ ਨੇ ਕਿਹਾ ਹੈ ਕਿ ਇਸ ਧੋਖਾਧੜੀ ਦਾ ਸ਼ਿਕਾਰ ਲੋਕਾਂ ਦੀਆਂ ਸ਼ਿਕਾਇਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਹ ਜੋੜਾ ਜ਼ਿਆਦਾਤਰ ਲੈਂਡ ਲਾਈਨ ਦੇ ਫੋਨ ਨੰਬਰਾਂ ਉੱਤੇ ਨਕਲੀ ਕਾਲਰ ਬਣ ਕੇ ਫੋਨ ਕਰਦਾ ਸੀ ਤੇ ਪੈਸੇ ਲੈਣ ਲਈ ਆਕਲੈਂਡ, ਸਪੇਨ, ਜਾਪਾਨ ਤੇ ਆਸਟਰੇਲੀਆ ਆਦਿ ਥਾਵਾਂ ਦੀ ਵਰਤੋਂ ਕਰਦਾ ਸੀ। ਇਹ ਦੋਵੇਂ ਕਿੰਨੇ ਦੋਸ਼ੀ ਪਾਏ ਜਾਂਦੇ ਹਨ, ਅਦਾਲਤੀ ਫੈਸਲੇ ਤੋਂ ਬਾਅਦ ਪਤਾ ਲੱਗੇਗਾ।



# ਪਾਪਾਟੋਏਟੋਏ ਦੀ ਇੱਕ ਦੁਕਾਨ 'ਚ ਵੜੀ ਕਾਰ ਇੱਕ ਵਿਅਕਤੀ ਜਖਮੀ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਦੇ ਪਾਪਾਟੋਏਟੋਏ 'ਚ ਇੱਕ ਦੁਕਾਨ 'ਚ ਇੱਕ ਦੇ ਵੜਨ ਦੀ ਖਬਰ ਹੈ। ਦੁਕਾਨ ਦੇ ਮਾਲਕ ਨੇ ਦੱਸਿਆ ਕਿ ਉਹ ਹੈਰਾਨ ਰਹਿ ਗਿਆ ਜਦੋਂ ਇਕ ਕਾਰ ਉਸ ਦੀ ਦੁਕਾਨ ਅੰਦਰ ਆ ਵੜੀ। ਇਹ ਘਟਨਾ ਦੁਪਹਿਰ 2 ਕੁ ਵਜੇ ਦੇ ਕਰੀਬ ਵਾਪਰੀ। ਮੌਕੇ 'ਤੇ ਐਮਰਜੈਂਸੀ ਵਿਭਾਗ ਨੂੰ ਬੁਲਾਇਆ ਗਿਆ ਅਤੇ ਉਨ੍ਹਾਂ ਨੇ ਇੱਕ ਵਿਅਕਤੀ ਨੂੰ ਮਿਡਮੋਰ ਹਸਪਤਾਲ ਵਿੱਚ ਭਰਤੀ ਕਰਵਾਇਆ ਹੈ। ਦੁਕਾਨ ਦੇ ਮਾਲਕ ਦਾ ਇਸ ਹਾਦਸੇ ਵਿੱਚ ਕੋਈ ਨੁਕਸਾਨ ਨਹੀਂ ਹੋਇਆ।



# ਵਿਸ਼ਵ ਕੱਪ 2019: ਭਾਰਤ ਦੀ ਸੈਮੀ-ਫਾਈਨਲ 'ਚ ਹੋਈ

ਵਿਸ਼ਵ ਕੱਪ ਦਾ ਆਖਰੀ ਲੀਗ ਮੈਚ ਆਸਟ੍ਰੇਲੀਆ ਤੇ ਦੱਖਣੀ ਅਫਰੀਕਾ ਵਿਚਾਲੇ ਜਾਰੀ ਸੀ। ਭਾਰਤੀ ਟੀਮ ਦੀਆਂ ਨਜ਼ਰਾਂ ਉਸ ਮੈਚ ਉੱਤੇ ਸਨ।

ਜਿਵੇਂ ਪਤਾ ਲਗਿਆ ਕਿ ਮੈਚ ਆਸਟ੍ਰੇਲੀਆ ਹਾਰ ਗਿਆ ਹੈ ਤੇ ਭਾਰਤ ਦਾ ਮੁਕਾਬਲਾ ਨਿਊਜ਼ੀਲੈਂਡ ਨਾਲ ਹੋਣਾ ਹੈ ਤਾਂ ਉਸੇ ਵੇਲੇ ਤੋਂ ਹੀ ਕਿਆਸਰਾਈਆਂ ਤੇਜ਼ ਹੋ ਗਈਆਂ ਸਨ। ਜਿਵੇਂ, ਕੀ ਭਾਰਤ ਬਿਨਾਂ ਸੈਮੀ-ਫਾਈਨਲ ਖੇਡੇ ਵੀ ਪਹੁੰਚ ਸਕਦਾ ਹੈ ? ਕੀ ਇਹ ਭਾਰਤ ਲਈ ਚੰਗਾ ਹੈ ਕਿ ਭਾਰਤ ਦਾ ਸੈਮੀਫਾਈਨਲ ਵਿੱਚ ਮੁਕਾਬਲਾ ਆਸਟ੍ਰੇਲੀਆ ਜਾਂ ਇੰਗਲੈਂਡ ਵਰਗੀ ਤਾਕਤਵਰ ਟੀਮਾਂ ਨਾਲ ਨਹੀਂ ਹੋਵੇਗਾ ?

ਕਿਤੇ ਨਾ ਕਿਤੇ ਭਾਰਤ ਨਿਊਜ਼ੀਲੈਂਡ ਦੇ ਸਾਹਮਣੇ ਕਾਫੀ ਮਜ਼ਬੂਤ ਟੀਮ ਨਜ਼ਰ ਆ ਰਹੀ ਸੀ ਪਰ ਸੈਮੀ-ਫਾਈਨਲ ਵਿੱਚ ਮੈਦਾਨ ਉੱਤੇ ਨਿਊਜ਼ੀਲੈਂਡ ਭਾਰਤ ਉੱਤੇ ਭਾਰੂ ਨਜ਼ਰ ਆਈ। ਦੋ ਦਿਨਾਂ ਤੱਕ ਚੱਲੇ ਇਸ ਇੱਕ ਰੋਜ਼ਾ ਮੈਚ ਵਿੱਚ ਨਿਊਜ਼ੀਲੈਂਡ ਨੇ ਭਾਰਤ ਨੂੰ 18 ਦੌੜਾਂ ਨਾਲ ਹਰਾ ਦਿੱਤਾ। ਭਾਵੇਂ ਰਵਿੰਦਰ ਜਡੇਜਾ ਦੀ ਸ਼ਾਨਦਾਰ ਪਾਰੀ ਨੇ ਕੁਝ ਟੱਕਰ ਜ਼ਰੂਰ ਦਿੱਤੀ ਪਰ ਸ਼ੁਰੂਆਤੀ ਝਟਕਿਆਂ ਤੋਂ ਭਾਰਤ ਫਿਰ ਵੀ ਉਭਰ ਨਹੀਂ ਸਕਿਆ। ਵਿਸ਼ਵ ਕੱਪ ਵਿੱਚ ਪੰਜ ਸੈਂਕੜੇ ਮਾਰਨ ਦਾ ਰਿਕਾਰਡ ਬਣਾਉਣ ਵਾਲੇ ਰੋਹਿਤ ਸ਼ਰਮਾ ਤੋਂ ਭਾਰਤੀ ਟੀਮ ਤੇ ਫੈਨਜ਼ ਨੂੰ ਕਾਫੀ ਉਮੀਦਾਂ ਸਨ। ਪਰ ਹਰ ਮੈਚ ਵਿੱਚ ਸੈਂਕੜਾ ਮਾਰਨਾ ਤਾਂ ਮੁਮਕਿਨ ਨਹੀਂ। ਪਰ ਰੋਹਿਤ-ਕੋਹਲੀ-ਰਾਹੁਲ ਦਾ 1-1-1 ਦਾ ਸਕੋਰ ਬਣਾ ਕੇ ਆਊਟ ਹੋਣਾ ਭਾਰਤੀ ਫੈਨਜ਼ ਨੂੰ ਨਿਰਾਸ਼ ਕਰ ਗਿਆ। ਸ਼ੋਰ ਖਾਮੋਸ਼ੀ ਵਿੱਚ ਬਦਲ ਗਿਆ। ਸੁਵਿੰਗ ਹੁੰਦੀਆਂ ਗੇਂਦਾਂ ਫਿਰ ਬਣੀਆਂ ਪ੍ਰੇਸ਼ਾਨੀ

ਇੰਗਲੈਂਡ ਦੀਆਂ ਪਿੱਚਾਂ ਉੱਤੇ ਘੁੰਮਦੀਆਂ ਗੇਂਦਾਂ ਹਮੇਸ਼ਾ ਭਾਰਤੀ ਖਿਡਾਰੀਆਂ ਲਈ ਪ੍ਰੇਸ਼ਾਨੀ ਦਾ ਸਬੱਬ ਬਣੀਆਂ ਹਨ। ਨਿਊਜ਼ੀਲੈਂਡ ਦੇ ਗੇਂਦਬਾਜ਼ਾਂ, ਮੌਸਮ ਤੇ ਪਿੱਚ ਤਿੰਨਾਂ ਨੇ ਮਿਲ ਕੇ ਪ੍ਰੇਸ਼ਾਨੀ ਫਿਰ ਤੋਂ ਭਾਰਤ ਦੇ ਸਾਹਮਣੇ ਖੜ੍ਹੀ ਕਰ ਦਿੱਤੀ। ਤੇਜ਼ ਰਫ਼ਤਾਰ ਨਾਲ ਘੁੰਮਦੀਆਂ ਗੇਂਦਾਂ 'ਤੇ ਰੋਹਿਤ ਆਊਟ ਹੋਏ। ਕੋਹਲੀ ਤੋਂ ਫੈਨਜ਼ ਨੂੰ ਉਮੀਦ ਸੀ। ਪਰ ਬੌਲਟ ਤੇ ਹੈਨਰੀ ਦੀਆਂ ਗੇਂਦਾਂ ਨੇ ਭਾਰਤੀ ਕਪਤਾਨ ਨੂੰ ਘੁੰਮਣਘੇਰੀ ਵਿੱਚ ਪਾ ਦਿੱਤਾ। ਰੋਹਿਤ, ਕੋਹਲੀ ਤੇ ਕੇ ਐੱਲ ਰਾਹੁਲ ਦੀਆਂ ਵਿਕਟਾਂ ਢਹਿਢੇਰੀ ਹੋਣ ਤੋਂ ਬਾਅਦ ਜ਼ਿੰਮੇਵਾਰੀ ਰਿਸ਼ਬ ਪੰਤ ਤੇ ਦਿਨੇਸ਼ ਕਾਰਤਿਕ ਉੱਤੇ ਸੀ। ਦੋਵਾਂ ਨੇ ਪਾਰੀ ਨੂੰ ਕੁਝ ਸਾਂਭਣ ਦੀ ਕੋਸ਼ਿਸ਼ ਕੀਤੀ ਪਰ ਦਿਨੇਸ਼ ਕਾਰਤਿਕ ਉਹ ਜ਼ਿੰਮੇਵਾਰੀ ਨਹੀਂ ਨਿਭਾ ਸਕੇ ਜਿਸ ਲਈ ਉਨ੍ਹਾਂ ਨੂੰ ਵਿਸ਼ਵ ਕੱਪ ਦੀ ਟੀਮ ਵਿੱਚ ਸ਼ਾਮਿਲ ਕੀਤਾ ਗਿਆ ਸੀ। ਪਹਿਲੀਆਂ 18-19 ਗੇਂਦਾਂ ਤੱਕ ਤਾਂ ਉਹ ਖਾਤਾ ਵੀ ਨਹੀਂ ਖੋਲ੍ਹ ਸਕੇ ਸਨ ਅਤੇ 6 ਦੌੜਾਂ ਬਣਾ ਕੇ ਪਵੇਲੀਅਨ ਪਰਤ ਗਏ।

ਜਦੋਂ ਵਿਸ਼ਵ ਕੱਪ ਲਈ ਭਾਰਤੀ ਟੀਮ ਨੂੰ ਚੁਣਿਆ ਗਿਆ ਸੀ ਤਾਂ ਰਿਸ਼ਬ ਦੀ ਥਾਂ ਦਿਨੇਸ਼ ਕਾਰਤਿਕ ਦੀ ਚੋਣ ਹੋਈ ਸੀ। ਭਾਵੇਂ ਮਹਿੰਦਰ ਸਿੰਘ ਧੋਨੀ ਦੀ ਮੌਜੂਦਗੀ ਕਰਕੇ ਵਿਕਟ ਕੀਪਿੰਗ ਦੇ ਮੌਕੇ ਦਿਨੇਸ਼ ਕਾਰਤਿਕ ਨੂੰ ਆਪਣੇ ਕਰਿਅਰ ਵਿੱਚ ਨਹੀਂ ਮਿਲੇ ਪਰ ਬੈਟਿੰਗ ਦੇ ਕਈ ਮੌਕੇ ਉਨ੍ਹਾਂ ਨੂੰ ਮਿਲੇ ਹਨ, ਜਿਨ੍ਹਾਂ ਵਿੱਚੋਂ ਵਿਸ਼ਵ ਕੱਪ 2019 ਦੀ ਚੁਣੇ ਜਾਣਾ ਵੀ ਸ਼ਾਮਿਲ ਸੀ। ਰਿਸ਼ਬ ਪੰਤ ਤੇਜ਼ੀ ਨਾਲ ਰਨ ਬਣਾਉਣ ਵਾਲੇ ਬੱਲੇਬਾਜ਼ ਮੰਨੇ ਜਾਂਦੇ ਹਨ ਪਰ ਤੇਜ਼ੀ ਨਾਲ ਜ਼ਿੰਮੇਵਾਰੀ ਵੀ ਟੀਮ ਲਈ ਅਹਿਮ ਹੈ। ਸੈਮੀ-ਫਾਈਨਲ ਵਿੱਚ ਨਿਊਜ਼ੀਲੈਂਡ ਖ਼ਿਲਾਫ ਉਨ੍ਹਾਂ ਨੂੰ ਸ਼ੁਰੂਆਤ ਮਿਲ ਚੁੱਕੀ ਸੀ। 32 ਦੌੜਾਂ ਦੀ ਸ਼ਾਨਦਾਰ ਪਾਰੀ ਉਹ ਖੇਡ ਚੁੱਕੇ ਸਨ।

# ਸਿੱਖਸ ਫਾਰ ਜਸਟਿਸ 'ਤੇ ਭਾਰਤ ਨੇ ਕਿਉਂ ਲਾਈ ਪਾਬੰਦੀ




ਖ਼ਬਰ ਏਜੰਸੀ ਏਐਨਆਈ ਮੁਤਾਬਕ ਭਾਰਤ ਸਰਕਾਰ ਨੇ 'ਸਿੱਖਸ ਫਾਰ ਜਸਟਿਸ' ਨੂੰ ਬੈਨ ਕਰ ਦਿੱਤਾ ਹੈ। ਕੇਂਦਰੀ ਕੈਬਨਿਟ ਬੈਠਕ ਦੇ ਵਿੱਚ ਇਹ ਫ਼ੈਸਲਾ ਲਿਆ ਗਿਆ ਹੈ। ਕੇਂਦਰ ਸਰਕਾਰ ਨੇ 'ਸਿੱਖਸ ਫਾਰ ਜਸਟਿਸ' ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਹੈ। ਇਹ ਸੰਗਠਨ ਅਮਰੀਕਾ ਵਿੱਚ ਆਪਣੀਆਂ ਗਤੀਵਿਧੀਆਂ ਚਲਾ ਰਿਹਾ ਹੈ। ਕੇਂਦਰ ਸਰਕਾਰ ਨੇ ਇਹ ਫ਼ੈਸਲਾ ਕਈ ਸਿੱਖ ਸੰਗਠਨਾਂ ਦੀ ਰਾਇ ਤੋਂ ਬਾਅਦ ਲਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ, ਉਹ ਤਾਂ ਇਸ ਤੋਂ ਵੀ ਅਗਾਂਹ ਜਾਂਦੇ ਮੰਗ ਕਰਦੇ ਹਨ ਕਿ ਇਸ ਸੰਗਠਨ ਨੂੰ 'ਦਹਿਸ਼ਤਗਰਦ' ਜਥੇਬੰਦੀ ਐਲਾਨਿਆ ਜਾਵੇ। ਕੈਪਟਨ ਦਾ ਇਲਜ਼ਾਮ ਹੈ ਕਿ ਸਿੱਖਸ ਫਾਰ ਜਸਟਿਸ ਰਾਹੀ ਅੱਤਵਾਦੀ ਸੰਗਠਨਾਂ ਨੂੰ ਫੰਡ ਦਿੱਤਾ ਜਾਂਦਾ ਹੈ। ਸਿੱਖਸ ਫਾਰ ਜਸਟਿਸ ਆਨਲਾਈਨ 20-20 ਰੈਫਰੈਂਡਮ ਮੁਹਿੰਮ ਚਲਾ ਰਿਹਾ ਹੈ। ਇਸ ਸੰਗਠਨ ਵੱਲੋਂ ਇਹ ਰੈਫਰੈਂਡਮ ਖਾਲਿਸਤਾਨ ਬਣਾਉਣ ਲਈ ਚਲਾਈ ਜਾ ਰਹੀ ਹੈ।

# ਸਿੰਧ ਦਾ ਉਹ ਰਾਜਾ ਜਿਸਨੇ ਗੱਦੀ ਲਈ ਆਪਣੀ ਭੈਣ ਨਾਲ ਹੀ ਵਿਆਹ ਕਰਵਾ ਲਿਆ



ਲਾਹੌਰ ਦੇ ਸ਼ਾਹੀ ਕਿਲੇ ਦੇ ਬਾਹਰ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲੱਗਣ ਅਤੇ ਉਨ੍ਹਾਂ ਨੂੰ 'ਸ਼ੇਰ-ਏ-ਪੰਜਾਬ' ਦੀ ਉਪਾਧੀ ਦਿੱਤੇ ਜਾਣ ਤੋਂ ਬਾਅਦ ਸਿੰਧ ਸੂਬੇ ਵਿੱਚ ਰਾਜਾ ਦਾਹਿਰ ਨੂੰ ਵੀ ਸਰਕਾਰੀ ਤੌਰ 'ਤੇ ਨਾਇਕ ਕਰਾਰ ਦਿੱਤੇ ਜਾਣ ਦੀ ਮੰਗ ਚੁੱਕੀ ਜਾ ਰਹੀ ਹੈ। ਰਣਜੀਤ ਸਿੰਘ ਦਾ ਬੁੱਤ ਲੱਗਣ ਤੋਂ ਬਾਅਦ ਸੋਸ਼ਲ-ਮੀਡੀਆ ਤੇ ਪੱਛਮੀ ਪੰਜਾਬ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਕਿ ਉਸ ਨੇ ਆਪਣੇ ਅਸਲ ਨਾਇਕ ਨੂੰ ਪਛਾਣਿਆ ਹੈ। ਕੋਟਾ ਦੇ ਪੱਤਰਕਾਰ ਜਾਵੇਦ ਲਾਂਗਾਹ ਨੇ ਫੇਸਬੁੱਕ ਤੇ ਲਿਖਿਆ ਕਿ ਅਖੀਰ ਮਹਾਰਾਜਾ ਰਣਜੀਤ ਸਿੰਘ ਬਾਦਸ਼ਾਹੀ ਮਸਜਿਦ ਦੇ ਦੱਖਣ-ਪੂਰਬੀ ਵਿੱਚ ਬਣੀ ਆਪਣੀ ਸਮਾਧ ਵਿੱਚੋਂ ਨਿਕਲ ਕੇ ਸ਼ਾਹੀ ਕਿਲੇ ਦੇ ਸਾਹਮਣੇ ਆਪਣੇ ਘੋੜੇ 'ਤੇ ਸਵਾਰ ਹੋ ਕੇ ਆਪਣੀ ਪਿਛਲੀ ਸਲਤਨਤ ਅਤੇ ਰਾਜਧਾਨੀ ਵਿੱਚ ਮੁੜ ਨਮੂਦਾਰ (ਹਾਜ਼ਿਰ) ਹੋ ਗਏ ਹਨ। ਉਨ੍ਹਾਂ ਨੇ ਅੱਗੇ ਲਿਖਿਆ ਕਿ ਪੰਜਾਬ ਦਹਾਕਿਆਂ ਤੱਕ ਆਪਣੇ ਅਸਲ ਇਤਿਹਾਸ ਨੂੰ ਝੁਠਲਾਉਂਦਾ ਰਿਹਾ। "ਅਜਿਹਾ ਕਾਲਪਨਿਕ ਇਤਿਹਾਸ ਘੜਨ ਦੀ ਕੋਸ਼ਿਸ਼ ਵਿੱਚ ਲੱਗਿਆ ਰਿਹਾ ਜਿਸ ਵਿੱਚ ਰਾਜਾ ਪੋਰਸ ਅਤੇ ਰਣਜੀਤ ਸਿੰਘ ਸਮੇਤ ਅਸਲੀ ਕੌਮੀ ਨਾਇਕਾਂ ਤੇ ਸੈਂਕੜੇ ਕਿਰਦਾਰਾਂ ਦੀ ਥਾਂ ਗੌਰੀ, ਗਜ਼ਨਵੀ, ਸੂਰੀ ਅਤੇ ਅਬਦਾਲੀ ਵਰਗੇ ਨਵੇਂ ਨਾਇਕ ਬਣਾ ਕੇ ਪੇਸ਼ ਕਰਦਾ ਰਿਹਾ ਜੋ ਪੰਜਾਬ ਸਮੇਤ ਪੂਰੇ ਉਪ-ਮਹਾਂਦੀਪ ਦੀ ਛਾਤੀ ਲਤਾੜਦੇ ਹੋਏ ਇੱਥੋਂ ਦੇ ਵਸੀਲੇ ਲੁੱਟਦੇ ਰਹੇ।" ਦਰਮ ਖ਼ਾਨ ਨਾਮ ਦੇ ਇੱਕ ਵਿਅਕਤੀ ਨੇ ਫੇਸਬੁੱਕ 'ਤੇ ਲਿਖਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਪਾਕਿਸਤਾਨ ਵਿੱਚ ਵਸਣ ਵਾਲੀਆਂ ਤਮਾਮ ਕੌਮਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਸੱਚ ਦੱਸਿਆ ਜਾਵੇ ਅਤੇ ਉਨ੍ਹਾਂ ਨੂੰ ਅਰਬ ਅਤੇ ਮੁਗ਼ਲ ਇਤਿਹਾਸ ਦੀ ਥਾਵੇਂ ਉਨ੍ਹਾਂ ਦਾ ਆਪਣਾ ਇਤਿਹਾਸ ਪੜ੍ਹਾਇਆ ਜਾਵੇ।

ਪੱਤਰਕਾਰ ਨਿਸਾਰ ਖੋਖਰ ਪੰਜਾਬ ਦੀ ਜਨਤਾ ਨੂੰ ਸੰਬੋਧਨ ਕਰਦੇ ਹੋਏ ਲਿਖਦੇ ਹਨ ਕਿ ਰਣਜੀਤ ਸਿੰਘ ਪੰਜਾਬ ਤੇ ਹਕੂਮਤ ਕਰਨ ਵਾਲੇ ਪਹਿਲੇ ਪੰਜਾਬੀ ਸਨ। "ਜੇ ਸਿੰਧ ਸਰਕਾਰ ਇੱਕ ਅਜਿਹਾ ਹੀ ਬੁੱਤ ਸਿੰਧੀ ਹੁਕਮਰਾਨ ਰਾਜਾ ਦਾਹਿਰ ਦਾ ਵੀ ਲਗਾ ਦੇਵੇ ਤਾਂ ਤੁਹਾਨੂੰ ਗੁੱਸਾ ਤਾਂ ਨਹੀਂ ਆਵੇਗਾ, ਕੁਫ਼ਰ ਅਤੇ ਗੱਦਾਰੀ ਦੇ ਫ਼ਤਵੇ ਤਾਂ ਜਾਰੀ ਨਹੀਂ ਹੋਣਗੇ ?" ਸਿੰਧ ਦੀ ਕਲਾ ਤੇ ਸੰਸਕ੍ਰਿਤੀ ਨੂੰ ਸੰਭਾਲਣ ਵਾਲੀ ਸੰਸਥਾ ਸਿੰਧਾਲੌਜੀ ਦੇ ਡਾਇਰੈਕਟਰ ਇਸਹਾਕ ਸਮੀਜੂ ਵੀ ਰਾਜਾ ਦਾਹਿਰ ਨੂੰ ਸਿੰਧ ਦਾ ਨੈਸ਼ਨਲ ਹੀਰੋ ਕਰਾਰ ਦਿੱਤੇ ਜਾਣ ਦੀ ਹਮਾਇਤ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਕੌਮ ਨੂੰ ਇਹ ਹੱਕ ਹਾਸਲ ਹੈ ਕਿ ਜਿਨ੍ਹਾਂ ਵੀ ਕਿਰਦਾਰਾਂ ਨੇ ਆਪਣੇ ਦੇਸ ਦੀ ਰਾਖੀ ਲਈ ਆਪਣੀ ਜਾਨ ਦੀ ਬਾਜ਼ੀ ਲਾਈ, ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇ। ਉਨ੍ਹਾਂ ਦਾ ਕਹਿਣਾ ਸੀ, "ਇਤਿਹਾਸ ਵਿੱਚ ਰਣਜੀਤ ਸਿੰਘ ਦਾ ਕਿਰਦਾਰ ਤਾਂ ਫਿਰ ਵੀ ਵਿਵਾਦਿਤ ਰਿਹਾ ਹੈ, ਰਾਜਾ ਦਾਹਿਰ ਨੇ ਨਾ ਤਾਂ ਕਿਸੇ ਦੇਸ 'ਤੇ ਹਮਲਾ ਕੀਤਾ ਅਤੇ ਨਾ ਹੀ ਜਨਤਾ 'ਤੇ ਜ਼ੁਲਮ ਕੀਤੇ। ਇਹ ਗੱਲ ਵੱਖਰੀ ਹੈ ਕਿ ਹੁਕਮਰਾਨਾਂ ਨਾਲ ਜਨਤਾ ਨੂੰ ਸੁਭਾਵਿਕ ਤੌਰ 'ਤੇ ਕੁਝ ਸ਼ਿਕਾਇਤਾਂ ਹੋ ਸਕਦੀਆਂ ਹਨ।"

**ਰਾਜਾ ਦਾਹਿਰ ਕੌਣ ਸਨ ?**

ਰਾਜਾ ਦਾਹਿਰ ਅਠਾਰਵੀਂ ਸਦੀ ਵਿੱਚ ਸਿੰਧ ਦੇ ਹੁਕਮਰਾਨ ਸਨ। ਉਹ ਰਾਜਾ ਚਚ ਦੇ ਸਭ ਤੋਂ ਛੋਟੇ ਬੇਟੇ ਅਤੇ ਬ੍ਰਾਹਮਣ ਵੰਸ਼ ਦੇ ਆਖ਼ਰੀ ਹੁਕਮਰਾਨ ਸਨ। ਸਿੰਧੀਆਨਾ ਇਨਸਾਈਕਲੋਪੀਡੀਆ ਅਨੁਸਾਰ ਹਜ਼ਾਰਾਂ ਸਾਲ ਪਹਿਲਾਂ ਕਈ ਕਸ਼ਮੀਰੀ ਬ੍ਰਾਹਮਣ ਵੰਸ਼ ਸਿੰਧ ਆ ਕੇ ਵਸ ਗਏ ਸਨ। ਇਹ ਪੜ੍ਹਿਆ ਲਿਖਿਆ ਤਬਕਾ ਸੀ, ਸਿਆਸੀ ਅਸਰ ਅਤੇ ਰਸੂਖ਼ ਹਾਸਲ ਕਰਨ ਤੋਂ ਬਾਅਦ ਉਨ੍ਹਾਂ ਨੇ ਰਾਏ ਘਰਾਣੇ ਦੀ 184 ਸਾਲ ਦੀ ਹਕੂਮਤ ਦਾ ਖ਼ਾਤਮਾ ਕੀਤਾ ਅਤੇ ਚਚ ਪਹਿਲੇ ਬ੍ਰਾਹਮਣ ਬਾਦਸ਼ਾਹ ਬਣੇ। ਇਤਿਹਾਸਕਾਰਾਂ ਮੁਤਾਬਕ ਰਾਜਾ ਦਾਹਿਰ ਦੀ ਹਕੂਮਤ ਪੱਛਮ ਵਿੱਚ ਮਕਰਾਨ ਤੱਕ, ਦੱਖਣ ਵਿੱਚ ਅਰਬ ਸਾਗਰ ਅਤੇ ਗੁਜਰਾਤ ਤੱਕ, ਪੂਰਬ ਵਿੱਚ ਮੌਜੂਦਾ ਮਾਲਵੇ ਦੇ ਕੇਂਦਰ ਅਤੇ ਰਾਜਪੂਤਾਨੇ ਤੱਕ ਅਤੇ ਉੱਤਰ ਵਿੱਚ ਮੁਲਤਾਨ ਵਿੱਚੋਂ ਦੀ ਲੰਘਦੀ ਹੋਈ ਦੱਖਣੀ ਪੰਜਾਬ ਤੱਕ ਫੈਲੀ ਹੋਈ ਸੀ।

**ਰਾਜਾ ਦਾਹਿਰ ਨੇ ਆਪਣੀ ਭੈਣ ਨਾਲ ਵਿਆਹ ਕਰਵਾਇਆ**

ਚਚਨਾਮਾ ਵਿੱਚ ਇਤਿਹਾਸਕਾਰ ਦਾ ਦਾਅਵਾ ਹੈ ਕਿ ਰਾਜਾ ਦਾਹਿਰ ਜੋਤਸ਼ੀਆਂ ਦੀ ਗੱਲ ਦਾ ਡੂੰਘਾ ਅਸਰ ਮੰਨਦੇ ਸਨ। ਉਨ੍ਹਾਂ ਨੇ ਜਦੋਂ ਜੋਤਸ਼ੀਆਂ ਤੋਂ ਆਪਣੀ ਭੈਣ ਦੇ ਵਿਆਹ ਬਾਰੇ ਸਲਾਹ ਮੰਗੀ ਤਾਂ ਜੋਤਸ਼ੀਆਂ ਨੇ ਦੱਸਿਆ ਕਿ ਜਿਸ ਕਿਸੇ ਨਾਲ ਵੀ ਰਾਜਕੁਮਾਰੀ ਦਾ ਵਿਆਹ ਹੋਵੇਗਾ, ਉਹੀ ਸਿੰਧ ਦਾ ਰਾਜਾ ਬਣੇਗਾ। ਰਾਜਾ ਦਾਹਿਰ ਨੇ ਆਪਣੇ ਮੰਤਰੀਆਂ ਤੇ ਜੋਤਸ਼ੀਆਂ ਨਾਲ ਸਲਾਹ ਮਗਰੋਂ ਆਪਣੀ ਸਕੀ ਭੈਣ ਨਾਲ ਵਿਆਹ ਕਰਵਾ ਲਿਆ। ਇਤਿਹਾਸਕਾਰਾਂ ਦੀ ਰਾਇ ਹੈ ਕਿ ਇਸ ਵਿਆਹ ਵਿੱਚ ਸਰੀਰਕ ਸੰਬੰਧਾਂ ਤੋਂ ਇਲਾਵਾ ਹੋਰ ਸਾਰੀਆਂ ਰਸਮਾਂ ਨਿਭਾਈਆਂ ਗਈਆਂ। ਜੀਐੱਮ ਸਈਅਦ ਇਸ ਕਹਾਣੀ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਨੇ ਲਿਖਿਆ ਹੈ ਕਿ ਸਕੀ ਭੈਣ ਤਾਂ ਦੂਰ ਦੀ ਗੱਲ ਹੈ, ਬ੍ਰਾਹਮਣ ਚਾਚੇ-ਤਾਏ ਜਾਂ ਮਾਮੇ ਦੀ ਧੀ-ਭੈਣ ਨਾਲ ਵੀ ਵਿਆਹ ਕਰਨ ਨੂੰ ਨਾਜਾਇਜ਼ ਸਮਝਦੇ ਸਨ। ਉਹ ਦਲੀਲ ਦਿੰਦੇ ਹਨ ਕਿ ਹੋ ਸਕਦਾ ਹੈ ਕਿ ਕਿਸੇ ਛੋਟੇ ਰਾਜੇ ਨੂੰ ਰਿਸ਼ਤਾ ਨਾ ਦੇ ਕੇ ਕੁੜੀ ਨੂੰ ਘਰੇ ਬਿਠਾ ਲਿਆ ਹੋਵੇ ਕਿਉਂਕਿ ਹਿੰਦੂਆਂ ਵਿੱਚ ਜਾਤ ਨੂੰ ਲੈ ਕੇ ਵਿਤਕਰਾ ਕੀਤਾ ਜਾਂਦਾ ਹੈ ਅਤੇ ਇਸ ਲਈ ਕਿਸੇ ਘਟ ਦਰਜੇ ਵਾਲੇ ਵਿਅਕਤੀ ਨੂੰ ਰਿਸ਼ਤਾ ਦੇਣ ਤੋਂ ਇਨਕਾਰ ਕੀਤਾ ਗਿਆ ਹੋਵੇ। ਡਾਕਟਰ ਆਜ਼ਾਦ ਕਾਜ਼ੀ 'ਦਾਹਿਰ ਦਾ ਖ਼ਾਨਦਾਨ ਤਹਿਕੀਕ ਦੀ ਰੌਸ਼ਨੀ 'ਚ' ਨਾਮ ਦੇ ਖੋਜ-ਪੱਤਰ ਵਿੱਚ ਲਿਖਦੇ ਹਨ ਕਿ ਚਚਨਾਮੇ ਦੇ ਇਤਿਹਾਸਕਾਰ ਨੇ ਅਰੂੜ ਦੇ ਕਿਲੇ ਤੋਂ ਰਾਜਾ ਦਾਹਿਰ ਦੇ ਹਿਰਾਸਤ 'ਚ ਲਏ ਗਏ ਰਿਸ਼ਤੇਦਾਰਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਇਨ੍ਹਾਂ ਵਿੱਚ ਰਾਜੇ ਦੀ ਭਣੇਵੀ ਵੀ ਸ਼ਾਮਿਲ ਸੀ। ਉਸ ਦੀ ਕਰਬ ਦੀ ਬਿਨ ਮਖਾਰੂ ਨਾਮ ਦੇ ਅਰਬ ਨੇ ਪਛਾਣ ਕੀਤੀ। ਜੇਕਰ ਚਚਨਾਮੇ ਦੀ ਗੱਲ ਮੰਨੀ ਜਾਵੇ ਕਿ ਭੈਣ ਦੇ ਨਾਲ ਰਸਮੀ ਵਿਆਹ ਸੀ ਤਾਂ ਇਹ ਕੁੜੀ ਕਿਥੋਂ ਆਈ।